# ਅਧਿਸੂਚਨਾ

ਪਿਆਰੇ ਵਿਤਰਕ ਅਤੇ ਫ੍ਰੈਂਚਾਇਸੇਸ,

ਸ਼ੁਭਕਾਮਨਾ !!!!!!

ਤੁਸੀ ਸਾਡੇ ਸੱਮਾਨਿਤ ਚੈਨਲ ਭਾਗੀਦਾਰ ਹੋ। ਤੁਸੀ ਜਾਣਦੇ ਹੋ ਕਿ ਕੰਪਨੀ ਦਾ ਵਿਵਸਾਇ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਅਤੇ ਨਿਯਮਾਂ ਅਤੇ ਪ੍ਰਾਵਧਾਨਾਂ ਦੇ ਨਾਲ ਪੜ੍ਹੇ ਜਾਉਣ ਵਾਲੇ ਪੇਮੇਂਟ ਐਂਡ ਸੈਟਲਮੇਂਟ ਸਿਸਟਮਸ ਐਕਟ, 2007 ਦੇ ਪ੍ਰਾਵਧਾਨਾਂ ਦੁਆਰਾ ਨਿਯੰਤ੍ਰਿਤ ਹੈ ਅਤੇ ਉਸਦੇ ਤਹਤ ਜਾਰੀ ਆਰਬੀਆਈ ਦੇ ਦਿਸ਼ਾਨਿਰਦੇਸ਼ਾਂ, ਐਂਟੀ ਮਨੀ ਲੌਂਡਰਿੰਗ (ਐਮਐਲ) ਦਿਸ਼ਾਨਿਰਦੇਸ਼ਾਂ, ਕੱਮਬੈਟਿੰਗ ਫ਼ਾਇਨੈਸਿੰਗ ਆੱਫ਼ ਟੈਰਰਿਸਟ (ਸੀਐਫ਼ਟੀ) ਦਿਸ਼ਾਨਿਰਦੇਸ਼ਾਂ, ਨੋ ਯੁਅਰ ਕਸਟਮਰ (ਕੇਵਾਇਸੀ) ਦਿਸ਼ਾਨਿਰਦੇਸ਼ਾਂ ਨੂੰ ਕੰਪਨੀ ਦੇ ਵਿਵਸਾਇ ਲਈ ਲਾਗੂ ਕੀਤਾ ਗਿਆ ਹੈ। ਇਸਲਈ ਵਿਵਸਾਇ ਨੂੰ ਉਚਿਤ ਰੂਪ ਨਾਲ ਚਲਾਉਣ ਲਈ ਦੱਸੇ ਗਏ ਪ੍ਰਾਵਧਾਨਾਂ ਦਾ ਪਾਲਨ ਦੀ ਜਿੰਮੇਵਾਰੀ ਕੰਪਨੀ ਦੇ ਨਾਲ ਨਾਲ ਉਸਦੇ ਚੈਨਲ ਭਾਗੀਦਾਰਾਂ ਦੇ ਹਿਤਾਂ ਦੀ ਰੱਖਿਆ ਲਈ ਜਾਰੀ ਕਰ ਰਹੀ ਹੈ ਤਾਂਕਿ ਵਿਵਸਾਇ ਪ੍ਰਭਾਵਿਤ ਨਾ ਹੋਵੇ।

ਆਤੰਕਵਾਦ ਰੋਧੀ ਦਲ, ਸਾਇਬਰ ਅਪਰਾਧ ਸ਼ਾਖਾਵਾਂ, ਅਪਰਾਧ ਸ਼ਾਖਾਵਾਂ ਅਤੇ ਪੂਰੇ ਭਾਰਤ ਦੀਆਂ ਜਾਂਚ ਪੜਤਾਲ ਅਜੇਂਸੀਆਂ ਦੁਆਰਾ ਸੰਚਾਲਿਤ ਕੀਤੀਆਂ ਗਈਆਂ ਛਾਨਬੀਨਾਂ ਦੇ ਤਹਤ ਆਉਣ ਵਾਲੇ ਅਨੇਕ ਮਾਮਲਿਆਂ ਦੇ ਜਰੀਏ ਸਾਡਾ ਧਿਆਨ ਇਸ ਪਾਸੇ ਆਕਰਸ਼ਿਤ ਹੋਇਆ ਹੈ ਕਿ ਕਈ ਵਿਤਰਕ ਅਤੇ ਫ੍ਰੈਂਚਾਇਸੇਸ ਨੂੰ ਨਕਲੀ ਲੱਾਟਰੀ ਸਕੀਮਾਂ / ਘੋਟਾਲੇ ਵਿੱਚ ਪ੍ਰਤਿਭਾਗ ਕਰਨ ਲਈ ਕਹਿ ਕੇ ਧੋਖੇਬਾਜਾਂ / ਅਸਾਮਾਜਿਕ ਤੱਤਾਂ ਦੁਆਰਾ ਲੁਭਾਇਆ ਜਾ ਰਹਿਆ ਹੈ।

ਕੁਝ ਸਮੇਂ ਪਹਿਲੇ ਸਾਡੇ ਸੱਮਾਨਿਤ ਵਿਤਰਕਾਂ ਅਤੇ ਆਈਸੀਡਬਲਯੂ ਨੂੰ ਉਨ੍ਹਾਂ ਦੇ ਬੈਂਕ ਖਾਤੇ ਦਾ ਵੇਰਵਾ ਪੁੱਛਣ ਵਾਲੇ ਵਿਭਿੰਨ ਨੰਬਰਾਂ ਤੋਂ ਕੱਾਲ ਪ੍ਰਾਪਤ ਹੋਏ ਜਿਨ੍ਹਾਂ ਦੇ ਦੇਸ਼ ਦਾ ਕੋਡ + 92 (ਪਾਕਿਸਤਾਨ) ਤੋਂ ਸ਼ੁਰੂ ਹੁੰਦਾ ਹੈ। ਕਈ ਵਿਤਰਕਾਂ ਨੇ ਬੈਂਕ ਦੇ ਵੇਰਵੇ ਦੇ ਵੀ ਦਿੱਤੇ ਹਨ ਅਤੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਇਕ ਵਿਸ਼ਾਲ ਪੂੰਜੀ ਜਮਾ ਕਰਾ ਦਿੱਤੀ ਗਈ ਹੈ। ਉਸਦੇ ਬਾਅਦ

ਕੱਲਰ ਵਿਤਰਕ ਨੂੰ ਫੋਨ ਕਰਦਾ ਹੈ ਅਤੇ ਕਹਿੰਦਾ ਹੈ ਕਿ ਉਨ੍ਹਾਂ ਦੇ ਖਾਤੇ ਵਿੱਚ ਪੂੰਜੀ ਜਮਾ ਕਰਾ ਦਿੱਤੀ ਗਈ ਹੈ ਅਤੇ ਜਮਾ ਕਰਾਈ ਗਈ ਪੂੰਜੀ ਦੇ ਸਾਹਮਣੇ ਵਿਤਰਕ ਕੋਲੋਂ ਇਟਜ਼ਕੈਸ਼ ਦੇ ਖਾਤੇ ਨੰਬਰ ਅਤੇ ਪਾਸਵਰਡ ਪੁੱਛਦਾ ਹੈ।

- ਕੁਝ ਮਾਮਲਿਆਂ ਵਿੱਚ ਕੋਈ ਵਿਅਕਤੀ ਕਿਸੇ ਅਨਜਾਨ ਵਿਅਕਤੀ (ਨਾ ਤੇ ਵਿਤਰਕ ਅਤੇ ਨਾ ਹੀ ਆਈਸੀਡਬਲਯੂ) ਨੂੰ ਕੱਲ ਕਰਦਾ ਹੈ ਅਤੇ ਉਸਦੇ ਕੋਲੋਂ ਉਸਦੇ ਬੈਂਕ ਦੇ ਖਾਤੇ ਦਾ ਨੰਬਰ ਪੁੱਛਦਾ ਹੈ, ਕਈ ਸਾਧਾਰਣ ਲੋਕਾਂ ਨੂੰ ਅਨਜਾਨ ਵਿਅਕਤੀ ਦੇ ਖਾਤੇ ਵਿੱਚ ਫਸਾਉਂਦਾ ਹੈ (ਉਹ ਉਨ੍ਹਾਂ ਲੋਕਾਂ ਨੂੰ ਦੱਸਦਾ ਹੈ ਕਿ ਉਨ੍ਹਾਂਨੇ ਲੱਟਰੀ ਜਿੱਤੀ ਹੈ ਅਤੇ ਉਨ੍ਹਾਂ ਦੇ ਅੱਗੇ ਪ੍ਰੋਸੈਸਿੰਗ ਫੀਸ ਦੇ ਰੂਪ ਵਿੱਚ ਪੈਸਾ ਜਮਾ ਕਰਨ ਦਾ ਨਿਵੇਦਨ ਕਰਦਾ ਹੈ),
- ਫੇਰ ਉਹ ਅਨਜਾਨ ਵਿਅਕਤੀ ਨੂੰ ਕੱਲ ਕਰਦਾ ਹੈ ਅਤੇ ਉਸਨੂੰ ਸੂਚਿਤ ਕਰਦਾ ਹੈ ਕਿ ਉਸਨੂੰ ਉਹ ਪੂੰਜੀ ਨਿਕਾਲਨੀ ਚਾਹਿਦੀ ਹੈ ਅਤੇ ਉਸਨੂੰ ਇਟਜ਼ਕੈਸ਼ ਕਾਰਡ ਖਰੀਦਨ ਲਈ ਇਟਜ਼ਕੈਸ਼ ਵਿਤਰਕ ਕੋਲ ਜਾਉਣਾ ਚਾਹਿਦਾ ਹੈ।
- ਜਦੋਂ ਕਾਰਡ ਖਰੀਦ ਲੀਤੇ ਜਾਂਦੇ ਹਨ ਤਾਂਹ ਪਾਕਿਸਤਾਨ ਵਿੱਚ ਬੈਠਾ ਵਿਅਕਤੀ ਕੱਲ ਕਰਦਾ ਹੈ ਅਤੇ ਅਨਜਾਨ ਵਿਅਕਤੀ ਨੂੰ ਇਟਜ਼ਕੈਸ਼ ਕਾਰਡਸ ਦੇ ਖਾਤੇ ਨੰਬਰ ਅਤੇ ਪਾਸਵਰਡ ਦੱਸਨ ਲਈ ਕਹਿੰਦਾ ਹੈ।

ਉਹ ਭਾਰਤ ਦੇ ਕਈ ਸ਼ਹਿਰਾਂ ਵਿੱਚ ਕਈ ਲੋਕਾਂ ਨੂੰ ਧੋਖਾ ਦੇ ਚੁੱਕੇ ਹਨ ਅਤੇ ਹੁਣ ਇਹ ਪੁਲਿਸ ਅਧਿਕਾਰੀਆਂ ਅਤੇ ਸੀਬੀਆਈ ਦੀ ਨਜਰ ਵਿੱਚ ਆ ਗਏ ਹਨ ਅਤੇ ਉਹ ਜਾਂਚ ਪੜਤਾਲ ਕਰ ਰਹੇ ਹਨ। ਸਾਦੇ ਇਸ ਉੱਦੇਸ਼ ਲਈ ਆਪਣੇ ਬੈਂਕ ਖਾਤਿਆਂ ਦਾ ਵੇਰਵਾ ਦੇਕੇ ਇਸ ਤਰ੍ਹਾਂ ਦੇ ਧੋਖੇ ਵਿੱਚ ਹਿੱਸੇਦਾਰ ਬਣਨ ਦੇ ਕਾਰਣ ਸਾਡੇ ਕੁਝ ਵਿਤਰਕ ਗਰਿਫ਼ਤਾਰ ਵੀ ਕੀਤੇ ਗਏ ਹਨ ਅਤੇ ਪੁਲਿਸ ਦੀ ਹਿਰਾਸਤ ਵਿੱਚ ਰੱਖੇ ਗਏ ਹਨ। ਜੇਕਰ ਤੁਹਾਡੇ ਵਿਚੋਂ ਕੋਈ ਜਾਨ ਬੂਝ ਕੇ ਜਾਂ ਗੈਰ ਇਰਾਦਤਨ ਤਰੀਕੇ ਨਾਲ ਇਸ ਤਰ੍ਹਾਂ ਦੀ ਝੂਠੀ ਲੱਟਰੀ ਸਕੀਮਾਂ / ਘੋਟਾਲੇ ਵਿੱਚ ਹਿੱਸਾ ਲੈਣ ਦੇ ਸ਼ਿਕਾਰ ਬਣਦੇ ਹਨ, ਤਾਂਹ ਤੁਸੀ ਏਐਮਐਲ /ਸੀਐਫ਼ਟੀ / ਕੇਵਾਇਸੀ / ਪੀਐਸਐਸ ਦਿਸ਼ਾਨਿਰਦੇਸ਼ਾਂ, ਨਿਯਮਾਂ ਅਤੇ ਅਧਿਨਿਯਮਾਂ ਦੇ ਤਹਤ ਦੰਡਯੋਗ ਕਾਰਵਾਈ ਲਈ ਉੱਤਰਦਾਈ ਹੋਣ ਗੇ।
ਇਸਦੇ ਦੁਆਰਾ ਆਈਐਫ਼ਟੀਐਸਪੀਐਲ ਤੁਹਾਨੂੰ ਸਭ ਨੂੰ ਫੋਨ ਤੇ ਅਜਨਬੀ ਅਤੇ ਅਨਜਾਨੇ ਲੋਕਾਂ ਨੂੰ ਕਾਰਡਸ ਵੇਚਨ ਦੇ ਬਾਰੇ ਵਿੱਚ ਸਾਵਧਾਨ ਅਤੇ ਚੌਕੱਨਾ ਰਹਿਣ ਦਾ ਸੁਝਾਅ ਦਿੰਦਾ ਹੈ

ਅਤੇ ਤੁਹਾਨੂੰ ਉਨ੍ਹਾਂ ਲੋਕਾਂ ਨੂੰ ਕਾਰਡਸ ਜਾਰੀ ਕਰਦੇ ਵੇਲੇ ਬਹੁਤ ਜ਼ਿਆਦਾ ਸਾਵਧਾਨ ਰਹਿਣ ਦਾ ਨਿਵੇਦਨ ਕਰਦਾ ਹੈ ਜੋ ਰਿਟੇਲਰ ਜਾਂ ਆਈਸੀਡਬਲਯੂ ਨਹੀਂ ਹੈ। ਇਸਦੇ ਨਾਲ ਹੀ ਤੁਹਾਨੂੰ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਜੇਕਰ ਕੋਈ ਗਾਹਕ ਅਧਿਕ ਕੀਮਤ ਵਾਲੇ ਕਾਰਡਸ ਦੀ ਮੰਗ ਕਰੇ ਤਾਂਹ ਤੁਹਾਨੂੰ ਉਨ੍ਹਾਂਨੂੰ ਕਾਰਡਸ ਜਾਰੀ ਕਰਨ ਤੋਂ ਪਹਿਲੇ ਉਸਦਾ ਆਈਡੀ, ਪਤੇ ਦਾ ਸਬੂਤ ਅਤੇ ਉਸਦਾ ਅਸਲੀ ਮੋਬਾਇਲ ਨੰਬਰ ਲੈਣਾ ਚਾਹਿਦਾ ਹੈ ਅਤੇ ਉਸਨੂੰ ਆਪਣੇ ਕੋਲ ਸੰਭਾਲ ਕੇ ਰੱਖਣਾ ਚਾਹਿਦਾ ਹੈ। ਇਸਦੇ ਨਾਲ ਹੀ ਤੁਹਾਨੂੰ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਤੁਸੀ ਫੋਨ ਤੇ ਕਿਸੇ ਅਜਨਬੀ ਨੂੰ ਇਟਜ਼ਕੈਸ਼ ਕਾਰਡ ਦਾ ਖਾਤਾ ਨੰਬਰ ਅਤੇ ਪਾਸਵਰਡ ਨਾ ਦੱਸੋ। ਤੁਹਾਨੂੰ ਇਟਜ਼ਕੈਸ਼ ਕਾਰਡ ਦੇ ਪਿਛਲੇ ਪਾਸੇ ਛਪੇ ਹੋਏ ਛਿਪੇ ਖਾਤਾ ਨੰਬਰ ਅਤੇ ਪਾਸਵਰਡ ਨੂੰ ਸਕ੍ਰੈਚ ਨਹੀਂ ਕਰਨਾ ਚਾਹਿਦਾ ਹੈ।

ਜੇਕਰ ਕੋਈ ਨਿਰਦੇਸ਼ਾਂ ਦਾ ਉਲੰਘਣ ਕਰਦਾ ਹੋਇਆ ਪਾਇਆ ਗਿਆ, ਤਾਂਹ ਆਈਐਫ਼ਟੀਐਸਪੀਐਲ ਇਸ ਤਰ੍ਹਾਂ ਦੀਆਂ ਧੋਖੇਬਾਜੀ ਵਾਲੀਆਂ ਸਕੀਮਾਂ / ਘੋਟਾਲਿਆਂ ਤੋਂ ਉਭਰਣ ਵਾਲੀਆਂ ਸਾਰੀਆਂ ਜਿੰਮੇਵਾਰੀਆਂ ਤੋਂ ਆਪਣੇ ਆਪ ਨੂੰ ਮੁਕਤ ਕਰਦਾ ਹੈ ਅਤੇ ਇਸ ਤਰ੍ਹਾਂ ਦੀ ਧੋਖਾਧੜੀ ਵਾਲੀ ਸਕੀਮ / ਮਾਂ ਦੇ ਕਾਰਣ ਹੋਣ ਵਾਲੇ ਕਿਸੇ ਵੀ ਪ੍ਰਕਾਰ ਦੇ ਦਾਵੇ ਜਾਂ ਦੰਡਯੋਗ ਕਾਰਵਾਈ ਲਈ ਉੱਤਰਦਾਈ ਜਾਂ ਜਿੰਮੇਵਾਰ ਨਹੀਂ ਹੈ।

ਇਸ ਤਰ੍ਹਾਂ ਦੀ ਧੋਖਾਧੜੀ ਵਾਲੀ ਸਕੀਮ / ਮਾਂ ਵਿੱਚ ਪੱਖ ਜਾਂ ਸ਼ਾਮਿਲ ਪਾਏ ਜਾਉਣ ਵਾਲੇ ਵਿਤਰਕਾਂ ਅਤੇ ਫ੍ਰੈਂਚਾਇਸੇਸ ਦੇ ਖਿਲਾਫ਼ ਆਈਐਫ਼ਟੀਐਸਪੀਐਲ ਉਚਿਤ ਕਾਰਵਾਈ ਕਰੇਗਾ। ਜੇਕਰ ਆਈਐਫ਼ਟੀਐਸਪੀਐਲ ਨੂੰ ਵਿਤਰਕਾਂ ਦੇ ਧੋਖਾਧੜੀ ਵਾਲੀ ਕਿਸੇ ਵੀ ਕ੍ਰੀਆ ਵਿੱਚ ਸ਼ਾਮਿਲ ਹੋਣ ਦੀ ਜਾਣਕਾਰੀ ਮਿਲਦੀ ਹੈ ਤਾਂਹ ਉਹ ਉਨ੍ਹਾਂ ਵਿਤਰਕਾਂ ਕੋਲੋਂ ਪ੍ਰਾਪਤ ਸਾਰੀ ਪੂੰਜੀ ਨੂੰ ਜਬਤ ਕਰਨ ਦਾ ਅਧਿਕਾਰ ਵੀ ਆਪਣੇ ਕੋਲ ਸੁਰੱਖਿਅਤ ਰੱਖਦਾ ਹੈ।

ਜੇਕਰ ਤੁਹਾਨੂੰ ਇਸ ਤਰ੍ਹਾਂ ਦੀ ਕੋਈ ਕੱਲ ਆਉਂਦੀ ਹੈ ਜਾਂ ਤੁਹਾਡਾ ਸਾਹਮਣਾ ਇਸ ਤਰ੍ਹਾਂ ਦੀ ਕਿਸੇ ਘਟਨਾ ਨਾਲ ਹੁੰਦਾ ਹੈ, ਤਾਂਹ ਤੁਹਾਨੂੰ ਇਸਦੀ ਸੂਚਨਾ ਤੁਰੰਤ 022-61125757 ਤੇ ਆਈਐਫ਼ਟੀਐਸਪੀਐਲ ਨੂੰ ਕਰਨ ਜਾਂ help@itzcash.com ਤੇ ਸਾਨੂੰ ਈ-ਮੇਲ ਕਰਨ ਦਾ ਨਿਵੇਦਨ ਕੀਤਾ ਜਾਂਦਾ ਹੈ।

ਤੁਹਾਨੂੰ ਇਸ ਤਰ੍ਹਾਂ ਦੀ ਅਨਜਾਨ / ਸ਼ੱਕੀ ਕਾੱਲਸ ਨਾਲ ਗੱਲ ਨਾ ਕਰਨ ਜਾਂ ਉੱਤਰ ਨਾ ਦੇਣ ਅਤੇ ਇਸ ਤਰ੍ਹਾਂ ਦੀਆਂ ਝੂਠੀਆਂ ਸਕੀਮਾਂ / ਘੋਟਾਲਿਆਂ ਦਾ ਸ਼ਿਕਾਰ ਨਾ ਬਣਨ ਦਾ ਸੁਝਾਅ ਦਿੱਤਾ ਜਾਂਦਾ ਹੈ।

ਧੰਨਵਾਦ

ਇੰਟਰੈਕਟਿਵ ਫ਼ਾਇਨੈਂਸ਼ਿਯਲ ਐਂਡ ਟ੍ਰੇਡਿੰਗ ਸਰਵਿਸੇਸ ਪ੍ਰਾ.ਲਿ. ਲਈ
ਮਿਤਿ : 26/04/2011.